# ਅਨੰਦ ਕਾਰਜ

# Anand Kaaraj

*'The Spiritual Act towards Spiritual happiness'*

## THE SIKH MARRIAGE CEREMONY

ਕੀਤਾਲੋੜੀਐਕੰਮੁਸੁਹਰਿਪਹਿਆਖੀਐ ॥
ਕਾਰਜੁਦੇਇਸਵਾਰਿਸਤਿਗੁਰਸਚੁਸਾਖੀਐ ॥

To accomplish a task, speak to Vaheguru Ji—with the true guidance of the Guru, it is fulfilled.

ਜੇਹੜਾ ਭੀ ਕਾਰਜ ਕਰਨਾ, ਉਸਦੀ ਪੂਰਨਤਾ ਲਈ ਅਰਦਾਸ–ਬੇਨਤੀ ਕਰੋ। ਗੁਰਮਤਿ ਦੀ ਸੱਚੀ ਸਿੱਖਿਆ ਰਾਹੀਂ ਸਤਿਗੁਰੂ ਜੀ ਕਾਰਜ ਸਵਾਰ ਦੇਂਦਾ ਹੈ।

*kee’taa loRee’yai kamm, su har peh aakhee’yai.*
*kaaraj dey’e savaar, sat’gur sach saa’kheeyai.*

ਸੰਤਾਸੰਗਿਨਿਧਾਨੁਅੰਮ੍ਰਿਤੁਚਾਖੀਐ ॥
ਭੈਭੰਜਨਮਿਹਰਵਾਨਦਾਸਕੀਰਾਖੀਐ ॥

Taste the sacred treasure in saintly company & pray: "Protect me, O Merciful, Destroyer of fear"

ਸੰਤਾਂ ਦੀ ਸੰਗਤ ਵਿੱਚ ਰੂਹ ਨੂੰ ਖੁਰਾਕ ਦੇਣ ਵਾਲੇ ਖਜ਼ਾਨਾ ਨੂੰ ਚੱਖੋ ਅਤੇ ਜੋਦੜੀ ਕਰੋ ਕਿ: ਹੇ ਡਰ ਖ਼ਤਮ ਕਰਨ ਵਾਲੇ ਮਿਹਰਵਾਨ! ਦਾਸ ਦੀ ਪੈਜ ਰਖੋ ਜੀ।

*sann'taa sang niDhaan, amm'rit chaakhee'yai.*
*bhai bhann'jan mehar'vaan, daas kee raakhee'yai.*

ਨਾਨਕਹਰਿਗੁਣਗਾਇਅਲਖੁਪ੍ਰਭੁਲਾਖੀਐ ॥੨੦॥

Guru Ji says: Singing Vaheguru's praises makes the Unseen One visible within. ||20||

ਸ੍ਰੀ ਗੁਰੂ ਜੀ ਫੁਰਮਾਉਂਦੇ ਹਨ ਕਿ ਇਸ ਤਰ੍ਹਾਂ ਵਾਹਿਗੁਰੂ ਜੀ ਦੀ ਗੁਣ ਗਾਇਨ ਕਰਨ ਨਾਲ ਅਦ੍ਰਿਸ਼ਟ ਪਰਮਾਤਮਾ ਨੂੰ ਵੇਖ ਲਵੇਗਾ ।੨੦।

*naa'nak har guN gaa'e, a'lakh prabh laakhee'yai.*

# ਪਹਿਲੀ ਅਰਦਾਸ First *Ardaas*

Pray to seek Guru Ji’s permission to begin the marriage ceremony. Ideally, the entire *Sangat*, congregation, stands as the couple’s spiritual parents, though some limit this to just the couple and their parents.

ਇਹ ਅਰਦਾਸ ਅਨੰਦ ਕਾਰਜ ਅਰੰਭ ਲਰਨ ਦੀ ਆਗਿਆ ਲੈਣ ਵਾਸਤੇ ਕੀਤੀ ਜਾਂਦੀ ਹੈ। ਆਮ ਤੌਰ ’ਤੇ ਸੰਗਤ ਨੂੰ ਮਾਪੇ–ਰੂਪ ਸਮਝ ਕੇ ਸਾਰੀ ਸੰਗਤ ਅਰਦਾਸ ਖੜੀ ਹੁੰਦੀ ਹੈ, ਪਰ ਕੁਝ ਸਿਰਫ ਜੋੜੇ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਹੀ ਖੜਾ ਕਰਦੇ ਹਨ।





# ਹੁਕਮ *Hukam*

The *Hukam* (Divine Order) is a randomly selected reading from Guru Ji, received in response to seeking permission to begin the marriage ceremony.

ਗੁਰੂ ਜੀ ਤੋਂ ਹੁਕਮਨਾਮਾ ਲਿਆ ਜਾਂਦਾ ਹੈ, ਜੋ ਅਨੰਦ ਕਾਰਜ ਸ਼ੁਰੂ ਕਰਨ ਦੀ ਇਜਾਜ਼ਤ ਮੰਗਣ ਮਗਰੋਂ, ਜਵਾਬ ਵਜੋਂ ਪ੍ਰਾਪਤ ਹੁੰਦਾ ਹੈ।

# ਪਲੇ ਦੀ ਰਸਮ *Pallaa*

This is when the bride's family (usually father) gives her away. By holding the groom's wedding scarf, the couple are joined, ready to affirm their commitment before Guru Ji.

ਇਹ ਰਸਮ ਵਿੱਚ ਕੁੜੀ ਦਾ ਪਰਵਾਰ (ਅਕਸਰ ਪਿਤਾ) ਉਸਨੂੰ ਦੂਲੇ ਨੂੰ ਸੌਂਪਦੇ ਹਨ। ਦੂਲੇ ਦੇ ਪੱਲੇ ਨੂੰ ਫੜ ਕੇ, ਜੋੜਾ ਗੁਰੂ ਜੀ ਅੱਗੇ ਆਪਣੀ ਵਚਨਬੱਧਤਾ ਦਰਸਾਉਣ ਲਈ ਤਿਆਰ ਹੁੰਦਾ ਹੈ।



ਉਸਤਤਿਨਿੰਦਾਨਾਨਕਜੀਮੈਹਭਵਞਾਈਛੋੜਿਆਹਭੁਕਿਝੁਤਿਆਗੀ॥
ਹਭੇਸਾਕਕੂੜਾਵੇਡਿਠੇਤਉਪਲੈਤੈਡੈਲਾਗੀ ॥੧॥

Pray: I’ve let go of the worldly flattery, slander, & burdens. Seeing all ties as temporary, I now cling to Your scarf alone.

ਮੈਂ ਦੁਨੀਆ ਦੀ ਵਡਿਆਈ ਤੇ ਨਿੰਦਿਆ ਤੋਂ ਹਟ ਗਿਆ, ਸਾਰੇ ਬੋਝ ਛੱਡ ਦਿੱਤੇ ਹਨ। ਸਾਰੇ ਰਿਸ਼ਤੇ ਨਾਸਵੰਤ ਵੇਖ ਕੇ, ਹੁਣ ਤੇਰਾ ਪਲਾ ਫੜ ਲਿਆ ਹੈ।

*ustat nindaa naanak jee mai habh vanjaaee, shoRiyaa habh kijh tiyaagee.*
*habhey saak koo’Raavai diThey, tau pallai tai$^{n}$dai laagee.*

# ਲਾਵਾਂ Main ceremony

Four verses by Guru Ram Das Ji are read during the marriage, outlining 4 spiritual stages the couple commit to walk. Marriage unites 2 souls to walk this path together toward oneness with Vaheguru and a fulfilled life.

ਅਨੰਦ ਕਾਰਜ ਦੌਰਾਨ ਚੌਥੇ ਪਾਤਿਸ਼ਾਹ ਜੀ ਵਲੋਂ ਲਿਖੀਆਂ ਚਾਰ ਲਾਵਾਂ ਪੜ੍ਹੀਆਂ ਜਾਂਦੀਆਂ ਹਨ, ਜੋ ਜੋੜੇ ਵਲੋਂ ਅੰਗੀਕਾਰ ਕੀਤੀਆਂ ਜਾਣ ਵਾਲੀਆਂ ਚਾਰ ਰੂਹਾਨੀ ਅਵਸਥਾਵਾਂ ਦਾ ਵੇਰਵਾ ਦਿੰਦੀਆਂ ਹਨ। ਵਿਆਹ ਦੋ ਰੂਹਾਂ ਨੂੰ ਇਕੱਠਾ ਕਰਦਾ ਹੈ ਤਾਂ ਕੇ ਉਹ ਪਰਮਾਤਮਾ ਨਾਲ ਇਕਤਾ ਵੱਲ ਮਿਲਕੇ ਯਾਤਰਾ ਕਰ ਸਕਣ।







# ਲਾਵਾਂ Main ceremony

The *Granthi* recites each verse, which is then sung as the couple circles Guru Sahib—symbolising their commitment & placing Guru Sahib at the centre of their lives. After each verse, they bow and prepare for the next, repeating this for all 4 verses.

ਗ੍ਰੰਥੀ ਹਰ ਲਾਵ ਪੜ੍ਹਦੇ ਹਨ, ਜੋ ਗਾਈ ਜਾਂਦੀ ਹੈ ਜਦੋਂ ਜੋੜਾ ਗੁਰੂ ਸਾਹਿਬ ਦੇ ਚਾਰੇ ਪਾਸੇ ਫੇਰੇ ਲੈਂਦਾ ਹੈ, ਇਹ ਗੁਰੂ ਨੂੰ ਜੀਵਨ ਦਾ ਕੇਂਦਰ ਬਣਾਉਣ ਦੀ ਨਿਸ਼ਾਨੀ ਹੁੰਦੀ ਹੈ। ਹਰ ਲਾਵ ਮਗਰੋਂ ਜੋੜਾ ਮੱਥਾ ਟੇਕਦਾ ਹੈ ਅਤੇ ਅਗਲੀ ਲਾਵ ਲਈ ਤਿਆਰ ਹੁੰਦਾ ਹੈ। ਇਹ ਚਾਰ ਲਾਵਾਂ ਲਈ ਦੁਹਰਾਇਆ ਜਾਂਦਾ ਹੈ।

# ਸੂਹੀ ਮਹਲਾ ੪ ॥

**Written in *Raag Soohee* (the emotion of closeness and undying love) by the Fourth Guru.**

**ਚੌਥੇ ਪਾਤਿਸ਼ਾਹ ਦੁਆਰਾ ਸੂਹੀ ਰਾਗ (ਨੇੜਤਾ ਅਤੇ ਅਟੱਲ ਪਿਆਰ ਦੀ ਭਾਵਨਾ) ਵਿਚ ਲਿਖੀ ਗਈ ਬਾਣੀ ।**

*soohee mahallaa chau'taa*

ਹਰਿਪਹਿਲੜੀਲਾਵਪਰਵਿਰਤੀਕਰਮਦ੍ਰਿੜਾਇਆ
ਬਲਿਰਾਮਜੀਉ ॥

The duties set by Vaheguru for beginning married life are outlined in the first round of marriage:

ਵਾਹਿਗੁਰੂ ਨੇ ਗ੍ਰਿਹਸਥ ਧਰਮ ਦੀ ਸ਼ੁਰੂਆਤ ਲਈਂ ਜੋ ਕਰਮ ਦ੍ਰਿੜ ਕਰਵਾਉਣ ਲਗੇ ਹਨ ਉਹ ਵਿਆਹ ਦੀ ਪਹਿਲੀ ਲਾਂਵ ਹੈ (ਜਿਸ ਦਾ ਵੇਰਵਾ ਇਉਂ ਹੈ):–

*har peh'laRee laa$^{n}$v*
*par'virtee karam driRaa'yaa bal raam jee'o.*

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ

ਪਾਪ ਤਜਾਇਆ ਬਲਿ ਰਾਮ ਜੀਉ ॥

Firmly follow *Gurbani* (the Guru’s Word) to know Vaheguru and live righteously, letting go of sin.

ਗੁਰਬਾਣੀ ਨੂੰ ਦ੍ਰਿੜ ਕਰੋ, ਜਿਸ ਰਾਹੀਂ ਵਾਹਿਗੁਰੂ ਅਤੇ ਧਰਮ ਜਾਣਿਆ ਜਾਂਦਾ ਹੈ, ਫਿਰ ਇਸ ਗੁਰਮਤਿ ਗਿਆਨ ਰਾਹੀਂ ਪਾਪਾਂ ਦਾ ਤਿਆਗ ਕਰੋ।

*baaNee brahmaa vey’d dharam driR’hu,*
*paap tajaa’yaa bal raam jee’o.*

ਧਰਮੁਦ੍ਰਿੜਹੁਹਰਿਨਾਮੁਧਿਆਵਹੁ
ਸਿਮ੍ਰਿਤਿਨਾਮੁਦ੍ਰਿੜਾਇਆ ॥

Firmly follow righteous living, meditate on Vaheguru & keep *Naam* in your consciousness.

ਧਰਮ ਨੂੰ ਦ੍ਰਿੜ ਕਰੋ, ਅਕਾਲ ਪੁਰਖ ਜੀ ਦਾ ਨਾਮ ਧਿਆਓ, ਅਤੇ ਨਾਮ ਨੂੰ ਸਿਮਰ ਕੇ ਦ੍ਰਿੜ ਕਰੋ।

*dharam driRhu har naam dhiyaa'vahu,*
*simrit naam driRaa'yaa.*

ਸਤਿਗੁਰੁਗੁਰੁਪੂਰਾਆਰਾਧਹੁ
ਸਭਿਕਿਲਵਿਖਪਾਪਗਵਾਇਆ ॥

Always remember the One True & Perfect Guru,
who remembrance removes all sins, big and small.

ਪੂਰੇ ਸਤਿਗੁਰੂ ਨੂੰ ਸਦਾ ਸਿਮਰੋ (ਕਿਉਂਕਿ ਸੰਸਾਰ ਵਿੱਚ ਅਧੂਰੇ ਗੁਰੂ ਬਹੁਤੇ ਹਨ), ਜਿਸ ਨੂੰ ਸਿਮਰ ਕੇ ਸਾਰੇ ਛੋਟੇ ਮੋਟੇ ਪਾਪ ਦੂਰ ਹੋ ਜਾਂਦੇ ਹਨ।

*sat-gur gur pooraa aaraaDh'hu,*
*sabh kil'vikh paap gavaa'yaa.*

ਸਹਜਅਨੰਦੁਹੋਆਵਡਭਾਗੀ
ਮਨਿਹਰਿਹਰਿਮੀਠਾਲਾਇਆ ॥

One is blessed when the Guru joins the mind to the sweetness of *Naam* & true joy slowly arises.

ਜਦੋਂ ਗੁਰੂ ਨੇ ਮਨ ਨੂੰ ਨਾਮ ਦੀ ਮਿਠਾਸ ਨਾਲ ਜੋੜ ਦਿੱਤਾ ਅਤੇ ਸਹਿਜੇ ਹੀ ਅਨੰਦ ਮਿਲਿਆ, ਤਾਂ ਸਮਝੋ ਤੁਸੀਂ ਵਡਭਾਗੀ ਹੋ ਗਏ।

*sehaj a'nand ho'aa vad'bhaagee,*
*man har har meeThaa laa'yaa.*

ਜਨੁਕਹੈਨਾਨਕੁਲਾਵਪਹਿਲੀ
ਆਰੰਭੁਕਾਜੁਰਚਾਇਆ ॥੧॥

To reach this goal, the marriage begins—servant Nanak calls this the first round. ||1||

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਹ ਵਿਆਹ ਇਸ ਟੀਚੇ ਲਈ ਹੈ – ਇਹ ਪਹਿਲੀ ਲਾਂਵ ਹੈ, ਅਰਥਾਤ ਗ੍ਰਿਹਸਤ ਧਰਮ ਦੀ ਸ਼ੁਰੂਆਤ ।੧।

*jan kehai naa'nak laav peh'lee,*
*aa'rambh kaaj rachaa'yaa.*

ਵਾਹਿਗੁਰੂ

ਹਰਿਪਹਿਲੜੀਲਾਵਪਰਵਿਰਤੀਕਰਮਦ੍ਰਿੜਾਇਆ
ਬਲਿਰਾਮਜੀਉ ॥

The duties set by Vaheguru for beginning married life are outlined in the first round of marriage:

ਵਾਹਿਗੁਰੂ ਨੇ ਗ੍ਰਿਹਸਥ ਧਰਮ ਦੀ ਸ਼ੁਰੂਆਤ ਲਈਂ ਜੋ ਕਰਮ ਦ੍ਰਿੜ ਕਰਵਾਉਣ ਲਗੇ ਹਨ ਉਹ ਵਿਆਹ ਦੀ ਪਹਿਲੀ ਲਾਂਵ ਹੈ (ਜਿਸ ਦਾ ਵੇਰਵਾ ਇਉਂ ਹੈ):–

*har peh'laRee laa$^{n}$v*
*par'virtee karam driRaa'yaa bal raam jee'o.*

ਬਾਣੀਬ੍ਰਹਮਾਵੇਦੁਧਰਮੁਦ੍ਰਿੜਹੁ
ਪਾਪਤਜਾਇਆਬਲਿਰਾਮਜੀਉ ॥

Firmly follow *Gurbani* (the Guru’s Word) to know Vaheguru and live righteously, letting go of sin.

ਗੁਰਬਾਣੀ ਨੂੰ ਦ੍ਰਿੜ ਕਰੋ, ਜਿਸ ਰਾਹੀਂ ਵਾਹਿਗੁਰੂ ਅਤੇ ਧਰਮ ਜਾਣਿਆ ਜਾਂਦਾ ਹੈ, ਫਿਰ ਇਸ ਗੁਰਮਤਿ ਗਿਆਨ ਰਾਹੀਂ ਪਾਪਾਂ ਦਾ ਤਿਆਗ ਕਰੋ।

*baaNee brahmaa vey’d dharam driR’hu,*
*paap tajaa’yaa bal raam jee’o.*

ਧਰਮੁਦ੍ਰਿੜਹੁਹਰਿਨਾਮੁਧਿਆਵਹੁ
ਸਿਮ੍ਰਿਤਿਨਾਮੁਦ੍ਰਿੜਾਇਆ ॥

Firmly follow righteous living, meditate on Vaheguru & keep *Naam* in your consciousness.

ਧਰਮ ਨੂੰ ਦ੍ਰਿੜ ਕਰੋ, ਅਕਾਲ ਪੁਰਖ ਜੀ ਦਾ ਨਾਮ ਧਿਆਓ, ਅਤੇ ਨਾਮ ਨੂੰ ਸਿਮਰ ਕੇ ਦ੍ਰਿੜ ਕਰੋ।

*dharam driRhu har naam dhiyaa'vahu,*
*simrit naam driRaa'yaa.*

ਸਤਿਗੁਰੁ ਗੁਰੁ ਪੂਰਾ ਆਰਾਧਹੁ
ਸਭਿ ਕਿਲਵਿਖ ਪਾਪ ਗਵਾਇਆ ॥

Always remember the One True & Perfect Guru,
who remembrance removes all sins, big and small.

ਪੂਰੇ ਸਤਿਗੁਰੂ ਨੂੰ ਸਦਾ ਸਿਮਰੋ (ਕਿਉਂਕਿ ਸੰਸਾਰ ਵਿੱਚ ਅਧੂਰੇ ਗੁਰੂ ਬਹੁਤੇ ਹਨ), ਜਿਸ ਨੂੰ ਸਿਮਰ ਕੇ ਸਾਰੇ ਛੋਟੇ ਮੋਟੇ ਪਾਪ ਦੂਰ ਹੋ ਜਾਂਦੇ ਹਨ।

*sat-gur gur pooraa aaraaDh'hu,*
*sabh kil'vikh paap gavaa'yaa.*

ਸਹਜਅਨੰਦੁਹੋਆਵਡਭਾਗੀ
ਮਨਿਹਰਿਹਰਿਮੀਠਾਲਾਇਆ ॥

One is blessed when the Guru joins the mind to the sweetness of *Naam* & true joy slowly arises.

ਜਦੋਂ ਗੁਰੂ ਨੇ ਮਨ ਨੂੰ ਨਾਮ ਦੀ ਮਿਠਾਸ ਨਾਲ ਜੋੜ ਦਿੱਤਾ ਅਤੇ ਸਹਿਜੇ ਹੀ ਅਨੰਦ ਮਿਲਿਆ, ਤਾਂ ਸਮਝੋ ਤੁਸੀਂ ਵਡਭਾਗੀ ਹੋ ਗਏ।

*sehaj a’nand ho’aa vad’bhaagee,*
*man har har meeThaa laa’yaa.*

ਜਨੁਕਹੈਨਾਨਕੁਲਾਵਪਹਿਲੀ
ਆਰੰਭੁਕਾਜੁਰਚਾਇਆ ॥੧॥

To reach this goal, the marriage begins—servant Nanak calls this the first round. ||1||

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਹ ਵਿਆਹ ਇਸ ਟੀਚੇ ਲਈ ਹੈ – ਇਹ ਪਹਿਲੀ ਲਾਂਵ ਹੈ, ਅਰਥਾਤ ਗ੍ਰਿਹਸਤ ਧਰਮ ਦੀ ਸ਼ੁਰੂਆਤ ।੧।

*jan kehai naa'nak laav peh'lee,*
*aa'rambh kaaj rachaa'yaa.*

# ਵਾਹਿਗੁਰੂ

ਹਰਿਦੂਜੜੀਲਾਵਸਤਿਗੁਰੁ
ਪੁਰਖੁਮਿਲਾਇਆਬਲਿਰਾਮਜੀਉ ॥

The second-round marks when, by Vaheguru’s Grace, you feel connected to the True Guru.

ਦੂਜੀ ਲਾਂਵ ਦੀ ਅਰੰਭਤਾ ਇਹ ਹੈ ਕਿ ਜਦੋਂ ਵਾਹਿਗੁਰੂ ਜੀ ਦੀ ਕਿਰਪਾ ਨਾਲ ਸਤਿਗੁਰੂ ਜੀ ਦੇ ਮਿਲਾਪ ਅਹਿਸਾਸ ਹੋ ਜਾਂਦਾ ਹੈ ।

*har doo’jaRee laa$^{n}$v sat’gur,*
*purakh milaa’yaa bal raam jee’o.*

ਨਿਰਭਉਭੈਮਨੁਹੋਇ
ਹਉਮੈਮੈਲੁਗਵਾਇਆਬਲਿਰਾਮਜੀਉ ॥

As a result of this, the mind is freed from worldly fears and ego's inner filth is washed away.

ਜਿਸ ਕਰਕੇ ਤੁਹਾਡਾ ਮਨ ਸੰਸਾਰਕ ਡਰਾਂ ਤੋਂ ਰਹਿਤ ਹੋ ਜਾਂਦਾ ਹੈ ਅਤੇ ਹਉਮੈ ਦੀ ਮੈਲ ਧੋਤੀ ਜਾਂਦੀ ਹੈ।

*nir'bhau bhai man ho'e,*
*hau'mai mai'l gavaa'yaa bal raam jee'o.*

ਨਿਰਮਲੁਭਉਪਾਇਆਹਰਿਗੁਣਗਾਇਆ
ਹਰਿਵੇਖੈਰਾਮੁਹਦੂਰੇ ॥

Then comes loving respect, leading to singing divine praise & feeling His presence constantly.

ਫਿਰ ਵਾਹਿਗੁਰੂ ਦੇ ਪਿਆਰ ਵਾਲਾ ਡਰ ਮਿਲਦਾ ਹੈ, ਜੋ ਹਰਿ ਗੁਣ ਗਵਾਉਂਦਾ ਹੈ ਅਤੇ ਵਾਹਿਗੁਰੂ ਨੂੰ ਹਾਜ਼ਰ–ਨਾਜ਼ਰ ਵੇਖ (ਮਹਿਸੂਸ) ਕਰ ਸਕਦੇ ਹੋ।

*nir'mal bhau paa'yaa har guN gaa'yaa,*
*har vey'khai raam hadoorey.*

ਹਰਿ ਆਤਮ ਰਾਮੁ ਪਸਾਰਿਆ ਸੁਆਮੀ
ਸਰਬ ਰਹਿਆ ਭਰਪੂਰੇ ॥

At this point, by His Grace, one sees Vaheguru everywhere, who is the Master present within all.

ਇਸ ਅਵਸਥਾ ਵਿੱਚ ਵਾਹਿਗੁਰੂ ਜੀ ਦੀ ਕਿਰਪਾ ਨਾਲ ਹਰ ਪਾਸੇ ਵਾਹਿਗੁਰੂ ਜੀ ਦੇ ਸਰੂਪ ਦੇ ਹੀ ਦਰਸ਼ਨ ਹੁੰਦੇ ਹਨ।

*har aa'tam raam pasaar'yaa su'aamee,*
*sarab reh'yaa bhar'poorey.*

ਅੰਤਰਿਬਾਹਰਿਹਰਿਪ੍ਰਭੁਏਕੋ
ਮਿਲਿਹਰਿਜਨਮੰਗਲਗਾਏ ॥

Though joyful to see Him inwardly & outwardly, they still join the saints to sing His joyful praises.

ਆਪਣੇ ਅੰਦਰ ਤੇ ਬਾਹਰ ਵਾਹਿਗੁਰੂ ਨੂੰ ਵੇਖ ਕੇ ਖੁਸ਼ ਹੁੰਦੇ ਹਨ, ਪਰ ਫੇਰ ਵੀ ਸੰਤ ਜਨਾਂ ਨਾਲ ਮਿਲ ਕੇ ਖੁਸ਼ੀ ਨਾਲ ਵਾਹਿਗੁਰੂ ਦੀ ਸਿਫਤ ਗਾਉਂਦੇ ਹਨ।

*ann'tar baa'har har prabh ey'ko,*
*mil har jan mangal gaa'ey.*

ਜਨਨਾਨਕਦੂਜੀਲਾਵਚਲਾਈ
ਅਨਹਦਸਬਦਵਜਾਏ ॥੨॥

The second-round is when the Sacred Sound vibrates within after meeting the True Guru. ||2||

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਦੂਜੀ ਲਾਂਵ ਇਹ ਚਲਾਈ ਹੈ ਕਿ ਸਤਿਗੁਰੂ ਜੀ ਦੇ ਮਿਲਾਪ ਨਾਲ ਅੰਦਰ ਸ਼ਬਦ ਰੂਪ ਅਟੁਟ ਧੁਨੀ ਗੂੰਜਦੀ ਹੈ ।੨।

*jan naa'nak doo'jee laa$^{n}$v chalaa'ee,*
*an'had shabad vajaa'ey.*

ਵਾਹਿਗੁਰੂ

ਹਰਿਦੂਜੜੀਲਾਵਸਤਿਗੁਰੁ
ਪੁਰਖੁਮਿਲਾਇਆਬਲਿਰਾਮਜੀਉ ॥

The second-round marks when, by Vaheguru's Grace, you feel connected to the True Guru.

ਦੂਜੀ ਲਾਂਵ ਦੀ ਅਰੰਭਤਾ ਇਹ ਹੈ ਕਿ ਜਦੋਂ ਵਾਹਿਗੁਰੂ ਜੀ ਦੀ ਕਿਰਪਾ ਨਾਲ ਸਤਿਗੁਰੂ ਜੀ ਦੇ ਮਿਲਾਪ ਅਹਿਸਾਸ ਹੋ ਜਾਂਦਾ ਹੈ ।

*har doo'jaRee laa$^n$v sat'gur,*
*purakh milaa'yaa bal raam jee'o.*

ਨਿਰਭਉ ਭੈ ਮਨੁ ਹੋਇ
ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥

As a result of this, the mind is freed from worldly fears and ego's inner filth is washed away.

ਜਿਸ ਕਰਕੇ ਤੁਹਾਡਾ ਮਨ ਸੰਸਾਰਕ ਡਰਾਂ ਤੋਂ ਰਹਿਤ ਹੋ ਜਾਂਦਾ ਹੈ ਅਤੇ ਹਉਮੈ ਦੀ ਮੈਲ ਧੋਤੀ ਜਾਂਦੀ ਹੈ।

*nir'bhau bhai man ho'e,*
*hau'mai mai'l gavaa'yaa bal raam jee'o.*

ਨਿਰਮਲੁਭਉਪਾਇਆਹਰਿਗੁਣਗਾਇਆ
ਹਰਿਵੇਖੈਰਾਮੁਹਦੂਰੇ ॥

Then comes loving respect, leading to singing divine praise & feeling His presence constantly.

ਫਿਰ ਵਾਹਿਗੁਰੂ ਦੇ ਪਿਆਰ ਵਾਲਾ ਡਰ ਮਿਲਦਾ ਹੈ, ਜੋ ਹਰਿ ਗੁਣ ਗਵਾਉਂਦਾ ਹੈ ਅਤੇ ਵਾਹਿਗੁਰੂ ਨੂੰ ਹਾਜ਼ਰ–ਨਾਜ਼ਰ ਵੇਖ (ਮਹਿਸੂਸ) ਕਰ ਸਕਦੇ ਹੋ।

*nir'mal bhau paa'yaa har guN gaa'yaa,*
*har vey'khai raam hadoorey.*

ਹਰਿਆਤਮਰਾਮੁਪਸਾਰਿਆਸੁਆਮੀ ਸਰਬਰਹਿਆਭਰਪੂਰੇ ॥

At this point, by His Grace, one sees Vaheguru everywhere, who is the Master present within all.

ਇਸ ਅਵਸਥਾ ਵਿੱਚ ਵਾਹਿਗੁਰੂ ਜੀ ਦੀ ਕਿਰਪਾ ਨਾਲ ਹਰ ਪਾਸੇ ਵਾਹਿਗੁਰੂ ਜੀ ਦੇ ਸਰੂਪ ਦੇ ਹੀ ਦਰਸ਼ਨ ਹੁੰਦੇ ਹਨ।

*har aa'tam raam pasaar'yaa su'aamee,*
*sarab reh'yaa bhar'poorey.*

ਅੰਤਰਿਬਾਹਰਿਹਰਿਪ੍ਰਭੁਏਕੋ
ਮਿਲਿਹਰਿਜਨਮੰਗਲਗਾਏ ॥

Though joyful to see Him inwardly & outwardly,
they still join the saints to sing His joyful praises.

ਆਪਣੇ ਅੰਦਰ ਤੇ ਬਾਹਰ ਵਾਹਿਗੁਰੂ ਨੂੰ ਵੇਖ ਕੇ ਖੁਸ਼ ਹੁੰਦੇ ਹਨ, ਪਰ ਫੇਰ ਵੀ
ਸੰਤ ਜਨਾਂ ਨਾਲ ਮਿਲ ਕੇ ਖੁਸ਼ੀ ਨਾਲ ਵਾਹਿਗੁਰੂ ਦੀ ਸਿਫਤ ਗਾਉਂਦੇ ਹਨ।

*ann'tar baa'har har prabh ey'ko,*
*mil har jan mangal gaa'ey.*

ਜਨਨਾਨਕਦੂਜੀਲਾਵਚਲਾਈ
ਅਨਹਦਸਬਦਵਜਾਏ ॥੨॥

The second-round is when the Sacred Sound vibrates within after meeting the True Guru. ||2||

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਦੂਜੀ ਲਾਂਵ ਇਹ ਚਲਾਈ ਹੈ ਕਿ ਸਤਿਗੁਰੂ ਜੀ ਦੇ ਮਿਲਾਪ ਨਾਲ ਅੰਦਰ ਸ਼ਬਦ ਰੂਪ ਅਟੁਟ ਧੁਨੀ ਗੂੰਜਦੀ ਹੈ ।੨।

*jan naa’nak doo’jee laa$^{n}$v chalaa’ee,*
*an’had shabad vajaa’ey.*

ਵਾਹਿਗੁਰੂ

ਹਰਿਤੀਜੜੀਲਾਵਮਨਿਚਾਉਭਇਆ
ਬੈਰਾਗੀਆਬਲਿਰਾਮਜੀਉ ॥

The third-round is when the Guru blesses the joyful mind with detachment to preserve that joy.

ਰੱਬੀ ਕ੍ਰਿਪਾ ਨਾਲ ਮਨ ਦੇ ਅੰਨਦਮਈ ਚਾਉ ਨਾਲ, ਸਤਿਗੁਰੂ ਵੈਰਾਗ ਵੀ ਦਿੰਦੇ ਹਨ ਤਾਂ ਜੋ ਹਉਮੈ ਕਾਰਨ ਅਨੰਦ ਨਾ ਖੋ ਜਾਵੇ। ਇਹ ਤੀਜੀ ਲਾਂਵ ਹੈ।

*har tee’jaRee laa*$^{n}$*v man chaa’o bheyaa,*
*bairaagee’aa bal raam jee’o.*

ਸੰਤਜਨਾਹਰਿਮੇਲੁਹਰਿਪਾਇਆ
ਵਡਭਾਗੀਆਬਲਿਰਾਮਜੀਉ ॥

When one is blessed by the Guru with saintly company then this is a sign of good fortune.

ਵੱਡੇ ਭਾਗਾਂ ਦੀ ਨਿਸ਼ਾਨੀ ਇਹ ਹੈ ਕਿ ਜਦੋਂ ਸਤਿਗੁਰੂ ਜੀ ਨੇ ਇਹ ਅੰਨਦ ਦੀ ਸਥਿਰਤਾ ਲਈ ਸਤਿਸੰਗਤ ਬਖਸ਼ਿਸ਼ ਕਰਦੇ ਹਨ।

*sant jan’aa har mey’l har paa’yaa*
*vad-bhaagee’aa bal raam jee’o.*

ਨਿਰਮਲੁਹਰਿਪਾਇਆਹਰਿਗੁਣਗਾਇਆ ਮੁਖਿਬੋਲੀਹਰਿਬਾਣੀ ॥

Loving-respect of Vaheguru is obtained by singing His Praises & reciting *Gurbani* with one's mouth.

ਵਾਹਿਗੁਰੂ ਦੇ ਗੁਣਾਂ ਨੂੰ ਗਾ ਕੇ ਤੇ ਮੂੰਹੋਂ ਅੰਮ੍ਰਿਤ ਬਾਣੀ ਉਚਾਰ ਕੇ ਵਾਹਿਗੁਰੂ ਦਾ 'ਨਿਰਮਲ ਭਉ' ਪ੍ਰਾਪਤ ਹੁੰਦਾ ਹੈ।

*nir'mal har paa'yaa, har guN gaa'yaa, mukh bo'lee har baa'Nee.*

ਸੰਤਜਨਾਵਡਭਾਗੀਪਾਇਆ
ਹਰਿਕਥੀਐਅਕਥਕਹਾਣੀ ॥

With good fortune, saintly company is found—
there, talk & praise Vaheguru through *Gurbani*.

ਗੁਰਮੱਖਾਂ ਦਾ ਮੇਲ ਵੱਡੇ ਭਾਗਾਂ ਕਰਕੇ ਮਿਲਦਾ ਹੈ। ਉਨ੍ਹਾਂ ਦੇ ਨਾਲ ਮਿਲ ਕੇ ਗੁਰਬਾਣੀ ਰਾਹੀਂ ਵਾਹਿਗੁਰੂ ਦੀ ਗੱਲਾਂ ਤੇ ਸਿਫਤ ਸਲਾਹ ਕਰਨੀ ਚਾਹੀਦੀ ਹੈ।

*sant jan'aa vad'bhaagee paa'yaa,*
*har kathee'yai a'kath kahaaNee.*

ਹਿਰਦੈਹਰਿਹਰਿਹਰਿਧੁਨਿਉਪਜੀ
ਹਰਿਜਪੀਐਮਸਤਕਿਭਾਗੁਜੀਉ ॥

With awakened fortune, the sacred sound of Vaheguru’s meditation begins to resonate within.

ਮੱਥੇ ਤੇ ਲਿਖੇ ਚੰਗੇ ਭਾਗ ਉਜਾਗਰ ਹੋਣ ਨਾਲ ਹਿਰਦੇ ਵਿੱਚ ਨਾਮ ਜਪਣ ਦੀ ਧੁਨੀ ਪੈਦਾ ਹੁੰਦੀ ਹੈ।

*hir’dai har har har dhun up’jee,*
*har japee’yai mas’tak bhaag jee’o.*

ਜਨੁਨਾਨਕੁਬੋਲੇਤੀਜੀਲਾਵੈ
ਹਰਿਉਪਜੈਮਨਿਬੈਰਾਗੁਜੀਉ ॥੩॥

Guru Ji says: in the third-round, longing to unite with Vaheguru arises in the joyful mind. ||3||

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਤੀਜੀ ਲਾਂਵ ਵਿੱਚ ਮਨ ਦੇ ਵਿੱਚ ਚਾਉ ਵਾਲਾ ਵੈਰਾਗ ਪੈਦਾ ਹੋ ਜਾਂਦਾ ਹੈ ।੩।

*jan naa'nak bo'ley t̲eejee laa$^{n}$'vai,*
*har up'jai man bai'raag jee'o.*

ਵਾਹਿਗੁਰੂ

ਹਰਿਤੀਜੜੀਲਾਵਮਨਿਚਾਉਭਇਆ

ਬੈਰਾਗੀਆਬਲਿਰਾਮਜੀਉ ॥

The third-round is when the Guru blesses the joyful mind with detachment to preserve that joy.

ਰੱਬੀ ਕ੍ਰਿਪਾ ਨਾਲ ਮਨ ਦੇ ਅੰਨਦਮਈ ਚਾਉ ਨਾਲ, ਸਤਿਗੁਰੂ ਵੈਰਾਗ ਵੀ ਦਿੰਦੇ ਹਨ ਤਾਂ ਜੋ ਹਉਮੈ ਕਾਰਨ ਅਨੰਦ ਨਾ ਖੋ ਜਾਵੇ। ਇਹ ਤੀਜੀ ਲਾਂਵ ਹੈ।

*har tee'jaRee laa$^n$v man chaa'o bheyaa,*
*bairaagee'aa bal raam jee'o.*

ਸੰਤਜਨਾਹਰਿਮੇਲੁਹਰਿਪਾਇਆ
ਵਡਭਾਗੀਆਬਲਿਰਾਮਜੀਉ ॥

When one is blessed by the Guru with saintly company then this is a sign of good fortune.

ਵੱਡੇ ਭਾਗਾਂ ਦੀ ਨਿਸ਼ਾਨੀ ਇਹ ਹੈ ਕਿ ਜਦੋਂ ਸਤਿਗੁਰੂ ਜੀ ਨੇ ਇਹ ਅੰਨਦ ਦੀ ਸਥਿਰਤਾ ਲਈ ਸਤਿਸੰਗਤ ਬਖਸ਼ਿਸ਼ ਕਰਦੇ ਹਨ।

*sant jan'aa har mey'l har paa'yaa vad-bhaagee'aa bal raam jee'o.*

ਨਿਰਮਲੁਹਰਿਪਾਇਆਹਰਿਗੁਣਗਾਇਆ
ਮੁਖਿਬੋਲੀਹਰਿਬਾਣੀ ॥

Loving-respect of Vaheguru is obtained by singing His Praises & reciting *Gurbani* with one's mouth.

ਵਾਹਿਗੁਰੂ ਦੇ ਗੁਣਾਂ ਨੂੰ ਗਾ ਕੇ ਤੇ ਮੂੰਹੋਂ ਅੰਮ੍ਰਿਤ ਬਾਣੀ ਉਚਾਰ ਕੇ ਵਾਹਿਗੁਰੂ ਦਾ 'ਨਿਰਮਲ ਭਉ' ਪ੍ਰਾਪਤ ਹੁੰਦਾ ਹੈ।

*nir'mal har paa'yaa, har guN gaa'yaa,*
*mukh bo'lee har baa'Nee.*

ਸੰਤਜਨਾਵਡਭਾਗੀਪਾਇਆ
ਹਰਿਕਥੀਐਅਕਥਕਹਾਣੀ ॥

With good fortune, saintly company is found—
there, talk & praise Vaheguru through *Gurbani*.

ਗੁਰਮੱਖਾਂ ਦਾ ਮੇਲ ਵੱਡੇ ਭਾਗਾਂ ਕਰਕੇ ਮਿਲਦਾ ਹੈ। ਉਨ੍ਹਾਂ ਦੇ ਨਾਲ ਮਿਲ ਕੇ ਗੁਰਬਾਣੀ ਰਾਹੀਂ ਵਾਹਿਗੁਰੂ ਦੀ ਗੱਲਾਂ ਤੇ ਸਿਫਤ ਸਲਾਹ ਕਰਨੀ ਚਾਹੀਦੀ ਹੈ।

*sant jan'aa vad'bhaagee paa'yaa,*
*har kathee'yai a'kath kahaaNee.*

ਹਿਰਦੈਹਰਿਹਰਿਹਰਿਧੁਨਿਉਪਜੀ
ਹਰਿਜਪੀਐਮਸਤਕਿਭਾਗੁਜੀਉ ॥

With awakened fortune, the sacred sound of Vaheguru's meditation begins to resonate within.

ਮੱਥੇ ਤੇ ਲਿਖੇ ਚੰਗੇ ਭਾਗ ਉਜਾਗਰ ਹੋਣ ਨਾਲ ਹਿਰਦੇ ਵਿੱਚ ਨਾਮ ਜਪਣ ਦੀ ਧੁਨੀ ਪੈਦਾ ਹੁੰਦੀ ਹੈ।

*hir'dai har har har dhun up'jee,*
*har japee'yai mas'tak bhaag jee'o.*

ਜਨੁਨਾਨਕੁਬੋਲੇਤੀਜੀਲਾਵੈ
ਹਰਿਉਪਜੈਮਨਿਬੈਰਾਗੁਜੀਉ ॥੩॥

Guru Ji says: in the third-round, longing to unite with Vaheguru arises in the joyful mind. ||3||

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਤੀਜੀ ਲਾਂਵ ਵਿੱਚ ਮਨ ਦੇ ਵਿੱਚ ਚਾਉ ਵਾਲਾ ਵੈਰਾਗ ਪੈਦਾ ਹੋ ਜਾਂਦਾ ਹੈ ।੩।

*jan naa’nak bo’ley t̲eejee laa$^n$’vai,*
*har up’jai man bai’raag̲ jee’o.*

ਵਾਹਿਗੁਰੂ

ਹਰਿਚਉਥੜੀਲਾਵਮਨਿਸਹਜੁਭਇਆ
ਹਰਿਪਾਇਆਬਲਿਰਾਮਜੀਉ ॥

**Ultimate peace through oneness with Vaheguru—and each other—is the fourth & final round.**

ਚੌਥੀ ਅਤੇ ਆਖਰੀ ਲਾਵ ਵਾਹਿਗੁਰੂ ਨਾਲ ਅਤੇ ਇਕ ਦੂਜੇ ਨਾਲ ਇਕਤਾ ਰਾਹੀਂ ਪਰਮ ਸ਼ਾਂਤੀ ਨੂੰ ਦਰਸਾਉਂਦੀ ਹੈ।

*har chau’thaRee laa$^{n}$v man sehaj bheyaa,*
*har paa’yaa bal raam jee’o.*

ਗੁਰਮੁਖਿਮਿਲਿਆਸੁਭਾਇ
ਹਰਿਮਨਿਤਨਿਮੀਠਾਲਾਇਆਬਲਿਰਾਮਜੀਉ ॥

A Guru-focused nature arises when Vaheguru's Name begins to feel sweet to the mind & body.

ਮਨ ਵਿੱਚ ਸਹਜ ਹੋਣ ਨਾਲ ਗੁਰਮੁੱਖ ਸੁਭਾਅ ਵੀ ਪ੍ਰਾਪਤ ਹੋ ਜਾਂਦਾ ਹੈ ਕਿਉਂਕਿ ਮਨ ਤੇ ਸਰੀਰ ਨੂੰ ਵਾਹਿਗੁਰੂ ਦਾ ਨਾਮ ਮਿੱਠਾ ਲੱਗਣ ਲੱਗ ਪੈਂਦਾ ਹੈ।

*gur'mukh mil'yaa subhaa'e,*
*har man tan mee'Thaa laa'yaa bal raam jee'o.*

ਹਰਿਮੀਠਾਲਾਇਆਮੇਰੇਪ੍ਰਭਭਾਇਆ
ਅਨਦਿਨੁਹਰਿਲਿਵਲਾਈ ॥

When Vaheguru is pleased with us, one stays absorbed in His sweetness day and night.

ਜਦੋਂ ਵਾਹਿਗੁਰ ਜੀ ਤੁਹਾਡੇ ਨਾਲ ਖੁਸ਼ ਹੋ ਜਾਣਗੇ ਫਿਰ ਤੁਹਾਡੀ ਲਿਵ ਦਿਨ ਰਾਤ ਨਾਮ ਦੀ ਮਿਠਾਸ ਵਿੱਚ ਜੁੜੀ ਰਹੋਗੀ ਹੈ।

*har mee'Thaa laa'yaa, mey'rey prabh bhaa'yaa, an'din har liv laa'ee.*

ਮਨਚਿੰਦਿਆਫਲੁਪਾਇਆਸੁਆਮੀ
ਹਰਿਨਾਮਿਵਜੀਵਾਧਾਈ ॥

Vaheguru is found as the mind desires, & through His Name comes *Chardi-kala* (forever positivity).

ਸਿੱਟਾ ਇਹ ਹੈ ਕਿ ਮਨ ਦੀ ਇੱਛਾ ਅਨੁਸਾਰ ਮਾਲਕ ਪ੍ਰਭੂ ਪਾ ਲੈਂਦਾ ਹੈ ਅਤੇ ਉਸ ਮਾਲਕ ਵਾਹਿਗੁਰੂ ਦੇ ਨਾਮ ਦੁਆਰਾ ਚੜ੍ਹਦੀਕਲਾ ਆ ਜਾਂਦੀ ਹੈ।

*man chinn'diya fal paa'yaa su'aamee,*
*har naam vajee vaaDhaa'ee.*

ਹਰਿਪ੍ਰਭਿਠਾਕੁਰਿਕਾਜੁਰਚਾਇਆ
ਧਨਹਿਰਦੈਨਾਮਿਵਿਗਾਸੀ ॥

Vaheguru began this marriage, through whose guidance, His Light & Sound manifest within.

ਅਕਾਲ ਪੁਰਖ ਮਾਲਕ ਨੇ ਇਹ ਵਿਆਹ ਆਪ ਸ਼ੁਰੂ ਕਰਾਇਆ ਹੈ ਜਿਸ ਦੇ ਉਪਦੇਸ਼ ਸਦਕਾ ਸੁਹਾਗ ਜੋੜੀ ਦੇ ਹਿਰਦੇ ਵਿੱਚ ਨਾਮ ਪ੍ਰਕਾਸ਼ ਹੋ ਜਾਂਦਾ ਹੈ।

*har prabh tthaa'kur kaaj rachaa'yaa,*
*dhan hir'dai naam ve'gaasee.*

ਜਨੁਨਾਨਕੁਬੋਲੇਚਉਥੀਲਾਵੈ
ਹਰਿਪਾਇਆਪ੍ਰਭੁਅਵਿਨਾਸੀ ॥੪॥੨॥

Guru Ji says: in the fourth-round, the couple can merge with Vaheguru, the Undying One. ||4||2||

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਚੌਥੀ ਲਾਂਵ ਇਹ ਹੈ ਕਿ ਸੁਹਾਗ ਜੋੜੀ ਨੂੰ ਨਾਸ਼ ਤੋਂ ਰਹਿਤ ਅਕਾਲ ਪੁਰਖ ਦੀ ਪ੍ਰਾਪਤੀ ਹੋ ਜਾਂਦੀ ਹੈ ।੪।੨।

*jan naa'nak bo'ley chau'thee laa$^{n}$'vai,*
*har paa'yaa prabh a'venaasee.*

# ਵਾਹਿਗੁਰੂ

ਹਰਿਚਉਥੜੀਲਾਵਮਨਿਸਹਜੁਭਇਆ
ਹਰਿਪਾਇਆਬਲਿਰਾਮਜੀਉ ॥

**Ultimate peace through oneness with Vaheguru—and each other—is the fourth & final round.**

ਚੌਥੀ ਅਤੇ ਆਖਰੀ ਲਾਵ ਵਾਹਿਗੁਰੂ ਨਾਲ ਅਤੇ ਇਕ ਦੂਜੇ ਨਾਲ ਇਕਤਾ ਰਾਹੀਂ ਪਰਮ ਸ਼ਾਂਤੀ ਨੂੰ ਦਰਸਾਉਂਦੀ ਹੈ।

*har chau'thaRee laa$^{n}$v man sehaj bheyaa,*
*har paa'yaa bal raam jee'o.*

ਗੁਰਮੁਖਿਮਿਲਿਆਸੁਭਾਇ
ਹਰਿਮਨਿਤਨਿਮੀਠਾਲਾਇਆਬਲਿਰਾਮਜੀਉ ॥

A Guru-focused nature arises when Vaheguru's Name begins to feel sweet to the mind & body.

ਮਨ ਵਿੱਚ ਸਹਜ ਹੋਣ ਨਾਲ ਗੁਰਮੁੱਖ ਸੁਭਾਅ ਵੀ ਪ੍ਰਾਪਤ ਹੋ ਜਾਂਦਾ ਹੈ ਕਿਉਂਕਿ ਮਨ ਤੇ ਸਰੀਰ ਨੂੰ ਵਾਹਿਗੁਰੂ ਦਾ ਨਾਮ ਮਿੱਠਾ ਲੱਗਣ ਲੱਗ ਪੈਂਦਾ ਹੈ।

*gur'mukh mil'yaa subhaa'e,*
*har man tan mee'Thaa laa'yaa bal raam jee'o.*

ਹਰਿਮੀਠਾਲਾਇਆਮੇਰੇਪ੍ਰਭਭਾਇਆ
ਅਨਦਿਨੁਹਰਿਲਿਵਲਾਈ ॥

When Vaheguru is pleased with us, one stays absorbed in His sweetness day and night.

ਜਦੋਂ ਵਾਹਿਗੁਰ ਜੀ ਤੁਹਾਡੇ ਨਾਲ ਖੁਸ਼ ਹੋ ਜਾਣਗੇ ਫਿਰ ਤੁਹਾਡੀ ਲਿਵ ਦਿਨ ਰਾਤ ਨਾਮ ਦੀ ਮਿਠਾਸ ਵਿੱਚ ਜੁੜੀ ਰਹੋਗੀ ਹੈ।

*har mee'Thaa laa'yaa, mey'rey prabh bhaa'yaa,*
*an'din har liv laa'ee.*

ਮਨਚਿੰਦਿਆਫਲੁਪਾਇਆਸੁਆਮੀ
ਹਰਿਨਾਮਿਵਜੀਵਾਧਾਈ ॥

Vaheguru is found as the mind desires, & through His Name comes *Chardi-kala* (forever positivity).

ਸਿੱਟਾ ਇਹ ਹੈ ਕਿ ਮਨ ਦੀ ਇੱਛਾ ਅਨੁਸਾਰ ਮਾਲਕ ਪ੍ਰਭੂ ਪਾ ਲੈਂਦਾ ਹੈ ਅਤੇ ਉਸ ਮਾਲਕ ਵਾਹਿਗੁਰੂ ਦੇ ਨਾਮ ਦੁਆਰਾ ਚੜ੍ਹਦੀਕਲਾ ਆ ਜਾਂਦੀ ਹੈ।

*man chinn'diya fal paa'yaa su'aamee,*
*har naam vajee vaaDhaa'ee.*

ਹਰਿਪ੍ਰਭਿਠਾਕੁਰਿਕਾਜੁਰਚਾਇਆ
ਧਨਹਿਰਦੈਨਾਮਿਵਿਗਾਸੀ ॥

Vaheguru began this marriage, through whose guidance, His Light & Sound manifest within.

ਅਕਾਲ ਪੁਰਖ ਮਾਲਕ ਨੇ ਇਹ ਵਿਆਹ ਆਪ ਸ਼ੁਰੂ ਕਰਾਇਆ ਹੈ ਜਿਸ ਦੇ ਉਪਦੇਸ਼ ਸਦਕਾ ਸੁਹਾਗ ਜੋੜੀ ਦੇ ਹਿਰਦੇ ਵਿੱਚ ਨਾਮ ਪ੍ਰਕਾਸ਼ ਹੋ ਜਾਂਦਾ ਹੈ।

*har prabh tthaa'kur kaaj rachaa'yaa,*
*dhan hir'dai naam ve'gaasee.*

ਜਨੁਨਾਨਕੁਬੋਲੇਚਉਥੀਲਾਵੈ
ਹਰਿਪਾਇਆਪ੍ਰਭੁਅਵਿਨਾਸੀ ॥੪॥੨॥

Guru Ji says: in the fourth-round, the couple can merge with Vaheguru, the Undying One. ||4||2||

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਚੌਥੀ ਲਾਂਵ ਇਹ ਹੈ ਕਿ ਸੁਹਾਗ ਜੋੜੀ ਨੂੰ ਨਾਸ਼ ਤੋਂ ਰਹਿਤ ਅਕਾਲ ਪੁਰਖ ਦੀ ਪ੍ਰਾਪਤੀ ਹੋ ਜਾਂਦੀ ਹੈ ।੪।੨।

*jan naa'nak bo'ley chau'thee laa$^{n}$'vai,*
*har paa'yaa prabh a'venaasee.*




The One Divine Sound is the source of all from which all existence comes; the Eternal Reality; known by the Grace's Grace.

# *Anand* ~ The Song Of Bliss, written in Raamkalee Raag, by Third Guru.

*ikk o'ann-kaar sat, gur'prasaad.*
*raag raam-kalee, mahalla tee'jaa, a'nand.*

ਅਨੰਦੁਭਇਆਮੇਰੀਮਾਏਸਤਿਗੁਰੂਮੈਪਾਇਆ ॥
ਸਤਿਗੁਰੁਤਪਾਇਆਸਹਜਸੇਤੀਮਨਿਵਜੀਆਵਾਧਾਈਆ॥

Dear intelligence! With the True Guru, I’ve found true joy, peace & happiness flow in my mind.

ਪਿਆਰੇ ਬੁੱਧਿ ! ਸਚੇ ਗੁਰੂ ਨੂੰ ਮਿਲ ਕੇ ਮੈਨੂੰ ਸੱਚਾ ਅਨੰਦ ਮਿਲਿਆ ਹੈ, ਮਨ ਵਿੱਚ ਸ਼ਾਂਤੀ ਤੇ ਖੁਸ਼ੀ ਵਹਿ ਰਗੀ ਹੈ।

*a’nand bheyaa, mey’ree maa’ey, sat’guroo mai paa’yaa.*
*satgur ta, paa’yaa sehaj sey’tee man vajee’aa$^{N}$ vaaDhaaee’aa$^{N}$.*

ਰਾਗਰਤਨਪਰਵਾਰਪਰੀਆਸਬਦਗਾਵਣਆਈਆ ॥
ਸਬਦੌਤਗਾਵਹੁਹਰੀਕੇਰਾਮਨਿਜਿਨੀਵਸਾਇਆ ॥

Melodies fill me to sing Vaheguru’s praises—those with Him in their minds sing His glory.

ਮੇਰੇ ਅੰਦਰ ਰਾਗ ਰਚ ਗਏ ਹਨ ਵਾਹਿਗੁਰੂ ਦੀ ਸਿਫ਼ਤ ਗਾਉਣ ਲਈ—ਜਿਨ੍ਹਾਂ ਦੇ ਮਨ ਵਿਚ ਵਾਹਿਗੁਰੂ ਵੱਸਦੇ ਹਨ, ਉਹ ਉਨ੍ਹਾਂ ਦੀ ਸਿਫ਼ਤ ਗਾਉਂਦੇ ਹਨ।

*raag ratan par’vaar paree’aa$^{N}$, shabad gaavaN aaee’aa$^{N}$.*
*shab’do ta gaa’vahu haree key’raa, man jinee vasaa’yaa.*

ਕਹੈਨਾਨਕੁਅਨੰਦੁਹੋਆਸਤਿਗੁਰੂਮੈਪਾਇਆ ॥੧॥

Guru Ji says: finding the True Guru, spiritual joy is found. ||1||

ਗੁਰੂ ਜੀ ਕਹਿੰਦੇ ਹਨ: ਸੱਚਾ ਗੁਰੂ ਮਿਲਣ ਤੇ ਆਤਮਕ ਆਨੰਦ ਮਿਲਦਾ ਹੈ।

*kehai naa’nak, a’nand ho’aa,*
*sat’guroo mai paa’yaa. (1)*

ਏਮਨਮੇਰਿਆਤੂਸਦਾਰਹੁਹਰਿਨਾਲੇ ॥
ਹਰਿਨਾਲਿਰਹੁਤੂਮੰਨਮੇਰੇਦੂਖਸਭਿਵਿਸਾਰਣਾ ॥

O my mind! Remain always with Vaheguru Ji,
always, and all your sufferings will be forgotten.

ਮੇਰੇ ਮਨ ! ਸਦਾ ਵਾਹਿਗੁਰੂ ਨਾਲ ਜੁੜਿਆ ਰਹਿ, ਸਦਾ ਹੀ, ਤੂੰ ਆਪਣੇ ਸਾਰੇ
ਦੁੱਖ ਭੁਲਾ ਦੇਵੇਂਗਾ।

*ey man mey'riyaa, too sadaa rahu har naaley.*
*har naal rahu too mann mey'rey, dookh sabh vesaar'Naa.*

ਅੰਗੀਕਾਰੁਓਹੁਕਰੇਤੇਰਾਕਾਰਜਸਭਿਸਵਾਰਣਾ ॥
ਸਭਨਾਗਲਾਸਮਰਥੁਸੁਆਮੀਸੋਕਿਉਮਨਹੁਵਿਸਾਰੇ ॥

Vaheguru helps in fixing all your tasks—He can do anything, so why forget Him from your mind?

ਵਾਹਿਗੁਰੂ ਤੇਰੇ ਸਾਰੇ ਕੰਮ ਸਵਾਰਦੇ ਹਨ—ਉਹ ਸਭ ਕੁਝ ਕਰਨ ਵਿੱਚ ਸਮਰੱਥ ਹਨ, ਤਾਂ ਫਿਰ ਮਨੋਂ ਉਹਨੂੰ ਭੁਲਾਇਆ ਕਿਉਂ ਜਾਵੇ?

*angee'kaar, oh'hu karey tey'raa, kaaraj sabh savaar'Naa.*
*sabh'naa galaa[N] sam'rath su'aamee, so k'yo man'hu ve'saarey.*

ਕਹੈਨਾਨਕੁਮੰਨਮੇਰੇਸਦਾਰਹੁਹਰਿਨਾਲੇ ॥੨॥

Guru Ji says: O my mind, remain always with Vaheguru. ||2||

ਗੁਰੂ ਜੀ ਕਹਿੰਦੇ ਹਨ: ਹੇ ਮੇਰੇ ਮਨ, ਸਦਾ ਵਾਹਿਗੁਰੂ ਨਾਲ ਜੁੜਿਆ ਰਹਿ।

*kehai naanak, mann mey'rey,*
*sadaa rahu har naaley. (2)*

ਸਾਚੇਸਾਹਿਬਾਕਿਆਨਾਹੀਘਰਿਤੇਰੈ ॥
ਘਰਿਤਤੇਰੈਸਭੁਕਿਛੁਹੈਜਿਸੁਦੇਹਿਸੁਪਾਵਏ ॥

O True Master, all is in Your House—there is everything, but only the one You bless receives.

ਹੇ ਸਚੇ ਮਾਲਕ, ਤੇਰੇ ਘਰ ਵਿਚ ਸਭ ਕੁਝ ਹੈ—ਹਰ ਚੀਜ਼ ਹੈ, ਪਰ ਜੋ ਤੂੰ ਬਖ਼ਸ਼ੇ, ਉਹੀ ਪਾਉਂਦਾ ਹੈ।

*saa'chey saa'hibaa, k'yaa naa'hee ghar tey'rai.*
*ghar ta tey'rai, sabh kishh hai, jis deh su paa'veye.*

ਸਦਾਸਿਫਤਿਸਲਾਹਤੇਰੀਨਾਮੁਮਨਿਵਸਾਵਏ ॥
ਨਾਮੁਜਿਨਕੈਮਨਿਵਸਿਆਵਾਜੇਸਬਦਘਨੇਰੇ ॥

They stay linked to Your praises, with Your Name in mind—divine melodies echo within them.

ਉਹ ਤੇਰੀ ਸਿਫ਼ਤ ਨਾਲ ਜੁੜੇ ਰਹਿੰਦੇ ਹਨ, ਤੇਰੇ ਨਾਮ ਨੂੰ ਮਨ ਵਿਚ ਵਸਾਈ ਰੱਖਦੇ ਹਨ—ਉਨ੍ਹਾਂ ਅੰਦਰ ਇਲਾਹੀ ਧੁਨੀਆਂ ਵੱਜਦੀਆਂ ਹਨ।

sadaa sifat, salaah tey-ree, naam man vasaa-veye.
naam jin kai, man vas-yaa, vaa-jey shabad ghaney-rey.

ਕਹੈਨਾਨਕੁਸਚੇਸਾਹਿਬਕਿਆਨਾਹੀਘਰਿਤੇਰੈ ॥੩॥

Guru Ji says: O True Master, what's not in Your Home? ||3||

ਗੁਰੂ ਜੀ ਕਹਿੰਦੇ ਹਨ: ਹੇ ਸੱਚੇ ਮਾਲਕ, ਤੇਰੇ ਘਰ ਵਿੱਚ ਕਿਹੜੀ ਚੀਜ਼ ਨਹੀਂ?

*kehai naa'nak, sachey saa'hib,*
*k'yaa naa'hee ghar tey'rai. (3)*

ਸਾਚਾਨਾਮੁਮੇਰਾਆਧਾਰੋ ॥
ਸਾਚੁਨਾਮੁਅਧਾਰੁਮੇਰਾਜਿਨਿਭੁਖਾਸਭਿਗਵਾਈਆ ॥

The True Sacred Name is my support and spiritual food—it ends all worldly hunger & desires.

ਰੱਬ ਦਾ ਸੱਚਾ ਨਾਮ ਮੇਰਾ ਆਸਰਾ ਤੇ ਆਤਮਕ ਭੋਜਨ ਹੈ—ਇਹ ਸੰਸਾਰਕ ਭੁੱਖ ਤੇ ਇੱਛਾਵਾਂ ਨੂੰ ਖਤਮ ਕਰਦਾ ਹੈ।

*saa'chaa naam mey'raa aa'Dhaaro.*
*saach naam a'Dhaar mey'raa, jin bhukhaa*$^{N}$*, sabh gavaaee'aa*$^{N}$*.*

ਕਰਿਸਾਂਤਿਸੁਖਮਨਿਆਇਵਸਿਆਜਿਨਿਇਛਾਸਭਿਪੁਜਾਈਆ॥
ਸਦਾਕੁਰਬਾਣੁਕੀਤਾਗੁਰੂਵਿਟਹੁਜਿਸਦੀਆਏਹਿਵਡਿਆਈਆ॥

It fulfilled all wishes & brought mental peace. I forever bow to the Guru who has this greatness.

ਉਸ ਨੇ ਸਾਰੀ ਆਸਾਂ ਪੂਰੀਆਂ ਕੀਤੀਆਂ ਤੇ ਮਨ ਨੂੰ ਸ਼ਾਂਤੀ ਦਿੱਤੀ। ਮੈਂ ਸਦਾ ਉਸ ਗੁਰੂ ਨੂੰ ਨਮਸਕਾਰ ਕਰਦਾ ਹਾਂ ਜਿਸ ਵਿੱਚ ਇਹ ਮਹਿਮਾ ਹੈ।

*kar shaaNt sukh man aae vas’yaa, jin ishhaa sabh pujaaee’aaN.*
*sadaa kur’baaN keetaa, guroo vitt’hu, jis dee’aaN ey’eh vad-yaaee’yaaN.*

ਕਹੈਨਾਨਕੁਸੁਣਹੁਸੰਤਹੁਸਬਦਿਧਰਹੁਪਿਆਰੋ ॥
ਸਾਚਾਨਾਮੁਮੇਰਾਆਧਾਰੋ ॥੪॥

Guru Ji says: O Saints, love the Sacred Word & Sound—the True Name is my only support. ||4||

ਗੁਰੂ ਜੀ ਕਹਿੰਦੇ ਹਨ: ਹੇ ਸੰਤੋ, ਸ਼ਬਦ ਨਾਲ ਪਿਆਰ ਕਰੋ—ਸੱਚਾ ਨਾਮ ਹੀ ਮੇਰਾ ਆਸਰਾ ਹੈ।

*kehai naa'nak, suN'hu sant'hu, shabad Dhar'hu piyaaro.*
*saa'chaa naam mey'raa aa'Dhaaro.*

ਵਾਜੇਪੰਚਸਬਦਤਿਤੁਘਰਿਸਭਾਗੈ ॥
ਘਰਿਸਭਾਗੈਸਬਦਵਾਜੇਕਲਾਜਿਤੁਘਰਿਧਾਰੀਆ ॥

In the blessed mind, divine sounds echo—where the Divine Power is infused, such melodies arise.

ਵਡਭਾਗੀ ਮਨ ਵਿਚ ਇਲਾਹੀ ਧੁਨੀਆਂ ਵੱਜਦੀਆਂ ਹਨ—ਜਿਥੇ ਤੂੰ ਆਪਣੀ ਰੂਹਾਨੀ ਤਾਕਤ ਵਸਾਂਦਾ ਹੈਂ, ਓਥੇ ਐਸੀਆਂ ਸੁਰਾਂ ਉਤਪੰਨ ਹੁੰਦੀਆਂ ਹਨ।

*vaajey panch shabad, tit ghar sabhaagai.*
*ghar sabhaagai shabad vaajey, kalaa jit ghar dhaaree'aa.*

ਪੰਚਦੂਤਤੁਧੁਵਸਿਕੀਤੇਕਾਲੁਕੰਟਕੁਮਾਰਿਆ ॥
ਧੁਰਿਕਰਮਿਪਾਇਆਤੁਧੁਜਿਨਕਉਸਿਨਾਮਿਹਰਿਕੈਲਾਗੇ॥

The five demons are controlled, death's fear ends—only the blessed are connected with *Naam*.

ਪੰਜ ਵਿਕਾਰ ਵੱਸ ਆ ਜਾਂਦੇ ਹਨ, ਮੌਤ ਦਾ ਡਰ ਮਿਟ ਜਾਂਦਾ ਹੈ—ਨਾਮ ਨਾਲ ਉਹੀ ਜੁੜਦੇ ਹਨ ਜਿਨ੍ਹਾਂ ਨੂੰ ਰੱਬੀ ਕਿਰਪਾ ਪ੍ਰਾਪਤ ਹੋਈ ਹੈ।

*panch doot, tuDh vass kee’tey, kaal kann’tak maar’yaa.*
*dhur karam paa’yaa, tuDh jin kau, se naam har kai laagey.*

ਕਹੈਨਾਨਕੁਤਹਸੁਖੁਹੋਆਤਿਤੁਘਰਿਅਨਹਦਵਾਜੇ ॥੫॥

Guru Ji says: Those with inner divine music enjoy peace. ||5||

ਗੁਰੂ ਜੀ ਕਹਿੰਦੇ ਹਨ: ਜਿਨ੍ਹਾਂ ਅੰਦਰ ਇਲਾਹੀ ਅਨਹਦ ਧੁਨ ਵੱਜਦੀ ਹੈ, ਉਹ ਸੱਚਾ ਸੁੱਖ ਮਾਣਦੇ ਹਨ।

*kehai naa-nak, teh sukh ho-aa,*
*tit ghar an-had vaa-jey. (5)*

ਅਨਦੁਸੁਣਹੁਵਡਭਾਗੀਹੋਸਗਲਮਨੋਰਥਪੂਰੇ ॥
ਪਾਰਬ੍ਰਹਮੁਪ੍ਰਭੁਪਾਇਆਉਤਰੇਸਗਲਵਿਸੂਰੇ ॥

O blessed! Listen to *Anand Sahib*—it fulfils all spiritual aims, Vaheguru is found, & worries fade.

ਹੇ ਭਾਗਾਂ ਵਾਲੇ ! ਆਨੰਦ ਸਾਹਿਬ ਸੁਣੋ—ਇਹ ਸਾਰੇ ਆਤਮਕ ਲਕਸ਼ ਪੂਰੇ ਕਰਦਾ ਹੈ, ਵਾਹਿਗੁਰੂ ਮਿਲਦੇ ਹਨ ਅਤੇ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ।

a'nad suN-hu, vad-bhaa-gee-ho, sagal ma-norath poo-rey.
paar-brahm prabh paa-yaa, ut-rey, sagal ve-soorey.

ਦੂਖਰੋਗਸੰਤਾਪਉਤਰੇਸੁਣੀਸਚੀਬਾਣੀ ॥
ਸੰਤਸਾਜਨਭਏਸਰਸੇਪੂਰੇਗੁਰਤੇਜਾਣੀ ॥

**Listening to the True Word, pain & sorrow leave—
saints are filled with joy known through the Guru.**

ਇਹ ਸਚੇ ਬਾਣੀ ਨੂੰ ਸੁਣ ਕੇ ਦੁੱਖ ਤੇ ਪੀੜਾਂ ਦੂਰ ਹੋ ਜਾਂਦੀਆਂ ਹਨ—ਸੰਤ ਉਹ
ਖੁਸ਼ੀ ਨਾਲ ਭਰ ਜਾਂਦੇ ਹਨ ਜੋ ਪੂਰੇ ਗੁਰੂ ਹੇ ਜਾਂਦੇ ਹਨ।

*dookh rog, sann’taap ut’rey, suNee sachee baa’Nee.*
*sant saajan bheye sar’sey, poo’rey gur tey jaa’Nee.*

ਸੁਣਤੇਪੁਨੀਤਕਹਤੇਪਵਿਤੁਸਤਿਗੁਰੁਰਹਿਆਭਰਪੂਰੇ ॥
ਬਿਨਵੰਤਿਨਾਨਕੁਗੁਰਚਰਣਲਾਗੇਵਾਜੇਅਨਹਦਤੂਰੇ ॥੪੦॥੧॥

Listeners & reciters are purified as the Guru dwells within. Guru Ji says: divine music plays in those humbly attached to the Guru. ||40||1||

ਸੁਣਨ ਤੇ ਉਚਾਰਨ ਨਾਲ ਮਨ ਪਵਿਤ੍ਰ ਹੁੰਦਾ ਹੈ, ਗੁਰੂ ਅੰਦਰ ਵੱਸ ਜਾਂਦੇ ਹਨ।
ਜੋ ਗੁਰੁ ਚਰਨਾਂ ਨਾਲ ਜੁੜੇ ਹਨ, ਉਨ੍ਹਾਂ ਅੰਦਰ ਅਨਹਦ ਵਾਜੇ ਵੱਜਦੇ ਹਨ।

*suN'tey puneet, keh'tey pavit, sat'gur reh'yaa bhar'poorey.*
*bin'vant naa'nak, gur charaN laagey, vaajey an'had too'rey.* (40)(1)

# ਹੁਣ ਕੀਰਤਨ ਸ਼ੁਕਰਾਨਾ ਵਜੋਂ ਜਾਰੀ ਰਹੇਗਾ

# Now *Kirtan* (devotional singing) continues for thanks-giving



# ਸਮਾਪਤੀ ਦੀ ਅਰਦਾਸ Final Ardaas

In this *Ardaas*, the entire *Sangat* (congregation) stands with folded hands to thank Guru Sahib for the completed ceremony and seek blessings for the couple. Afterward, all sit silently.

ਇਸ ਅਰਦਾਸ ਵਿੱਚ ਸਾਰੀ ਸੰਗਤ ਹੱਥ ਜੋੜ ਕੇ ਖੜੀ ਹੁੰਦੀ ਹੈ ਤਾਂ ਜੋ ਰਸਮ ਦੀ ਪੂਰਨਤਾ ਲਈ ਧੰਨਵਾਦ ਕਰ ਸਕੇ ਅਤੇ ਜੋੜੇ ਲਈ ਗੁਰੂ ਜੀ ਦੀਆਂ ਅਸੀਸਾਂ ਮੰਗ ਸਕੇ। ਅਰਦਾਸ ਤੋਂ ਬਾਅਦ ਸਾਰੇ ਸ਼ਾਂਤਚਿੱਤ ਬੈਠ ਜਾਂਦੇ ਹਨ।






# ਹੁਕਮ *Hukam*

The *Hukam* (Divine Order) is a randomly selected reading from Guru Ji, received in response to the concluding prayer.

ਗੁਰੂ ਜੀ ਤੋਂ ਹੁਕਮਨਾਮਾ ਲਿਆ ਜਾਂਦਾ ਹੈ, ਜੋ ਅਨੰਦ ਕਾਰਜ ਸੰਪੂਰਨ ਹੋਣ ਦੀ ਸ਼ੁਕਰਾਨਾ ਅਰਦਾਸ ਮਗਰੋਂ, ਜਵਾਬ ਵਜੋਂ ਪ੍ਰਾਪਤ ਹੁੰਦਾ ਹੈ।

# ਕੜਾਹ ਪ੍ਰਸ਼ਾਦ *Karah Parshaad*

*Karah Parshaad* is a sweet blessed offering from Guru Sahib that is infused with power of meditation. It is received with both hands. If you don’t want it or want only a little, then kindly inform the server beforehand.

ਮਰਯਾਦਾ ਅਨੁਸਾਰ ਤਿਆਰ ਕੀਤੀ ਕੜਾਹ ਪ੍ਰਸ਼ਾਦ ਵਿੱਚ ਗੁਰੂ ਸਾਹਿਬ ਦੀ ਕਲਾ ਵਰਤੀ ਹੁੰਦੀ ਹੈ ਅਤੇ ਗੁਰਬਾਣੀ ਅਤੇ ਨਾਮ ਦੇ ਬਖਸ਼ਿਸ਼ ਨਾਲ ਭਰੀ ਹੁੰਦੀ ਹੈ। ਬੈਠਕੇ ਦੋਵੇਂ ਹੱਥਾਂ ਨਾਲ ਸਤਿਕਾਰ ਨਾਲ ਲਿਆ ਜਾਂਦਾ ਹੈ। ਜੇ ਤੁਸੀਂ ਕਿਸੇ ਕਾਰਨ ਕਰਕੇ ਦੇਗ ਨਹੀਂ ਲੈਣੀ ਜਾਂ ਥੋੜ੍ਹੀ ਲੈਣਾ ਚਾਹੋ, ਤਾਂ ਕਿਰਪਾ ਕਰਕੇ ਪਹਿਲਾਂ ਹੀ ਸੇਵਾਦਾਰ ਨੂੰ ਦੱਸ ਦਿਓ।

